بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 30.04.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਪਵਿੱਤਰ ਰਮਜ਼ਾਨ ਅਤੇ ਵਿਸ਼ੇਸ਼ ਕਰਕੇ ਅਖੀਰਲੇ ਅਸ਼ਰੇ (ਅੰਤਮ ਦੱਸ ਦਿਨ) ਵਿੱਚ ਦੁਰੂਦ ਸ਼ਰੀਫ਼, ਤੌਬਾ ਅਤੇ ਇਸਤਗ਼ਫ਼ਾਰ ਦੀ ਮਹਤੱਾ ਦਾ ਵਰਨਣ ਅਤੇ ਇਹਨਾ ਦੇ ਸਿਮਰਣ ਦੇ ਨਿਰਦੇਸ਼

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 30 ਅਪ੍ਰੈਲ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔

بِسۡمِ اللّٰهِ الرَّحۡمٰنِ الرَّحِيۡمِ ۔ اَلۡحَمۡدُ لِلّٰهِ رَبِّ الۡعٰلَمِيۡنَ ۔ الرَّحۡمٰنِ الرَّحِيۡمِ ۔ مٰلِكِ يَوۡمِ الدِّيۡنِ ۔ إِيَّاكَ نَعۡبُدُ وَإِيَّاكَ نَسۡتَعِيۡنُ ۔ اِهۡدِنَا الصِّرَاطَ الۡمُسۡتَقِيۡمَ ۔ صِرَاطَ الَّذِيۡنَ أَنۡعَمۡتَ عَلَيۡهِمۡ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਰੱਬ ਦੀ ਅਪਾਰ ਮਿਹਰ ਨਾਲ ਅੱਜ ਕੱਲ ਅਸੀਂ ਪਵਿੱਤਰ ਰਮਜ਼ਾਨ ਦੇ ਮਹੀਨਿ ਵਿੱਚੋਂ ਲੰਘ ਰਹੇ ਹਾਂ ਅਤੇ ਅਖੀਲੇ ਅਸ਼ਰੇ (ਅੰਤਮ ਦੱਸ ਦਿਨ) ਵਿੱਚ ਦਾਖ਼ਲ ਹੋਣ ਵਾਲੇ ਹਾਂ । ਜਿਸ ਬਾਰੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਹੈ ਕਿ ਅਲੱਾਹ ਤਆਲਾ ਅਖੀਰਲੇ ਅਸ਼ਰੇ ਵਿੱਚ ਨਰਕ ਤੋਂ ਮੁਕਤੀ ਦਿੰਦਾ ਹੈ । ਸੋ, ਸਾਨੂੰ ਇਹਨਾ ਦਿਨਾਂ ਵਿੱਚ ਵਿਸ਼ੇਸ਼ ਰੂਪ ਵਿੱਚ ਆਪਣੀਆਂ ਇਬਾਦਤਾਂ ਨੂੰ ਸੁਆਰਣ ਅਤੇ ਤੌਬਾ, ਇਸਤਗ਼ਫ਼ਾਰ ਅਤੇ ਬੰਦਿਆਂ ਦੇ ਹੱਕ ਪੂਰੇ ਕਰਨ ਵੱਲ ਬਹੁਤ ਅਧਿਕ ਧਿਆਨ ਦੇਣਾ ਚਾਹੀਦਾ ਹੈ । ਰਮਜ਼ਾਨ ਦੇ ਅੰਤਮ ਅਸ਼ਰੇ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਐਨ੍ਹਾ ਜਤਨ ਕਰਦ ਸਨ ਕਿ ਜੋ ਇਸ ਤੋਂ ਬਿਨਾ ਕਦੇ ਦੇਖਣ ਵਿੱਚ ਨਹੀਂ ਆਉਂਦਾ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਮੋਮਿਨਾ ਲਈ ਇਕ ਚੰਗੇ ਚਰਿਤਾਰਥ ਹਨ । ਸੋ, ਸਾਨੂੰ ਆਪਣੀਆਂ ਯੋਗਤਾਵਾਂ ਅਨੁਸਾਰ ਇਹਨਾ ਉੱਤਮ ਮਿਆਰਾਂ ਤੱਕ ਪਹੁੰਚਣ ਦਾ ਜਤਨ ਕਰਨਾ ਹੈ । ਸਾਨੂੰ ਚਾਹੀਦਾ ਹੈ ਕਿ ਇਹਨਾ ਦਿਨਾ ਵਿੱਚ ਵਿਸ਼ੇਸ਼ ਰੂਪ ਵਿੱਚ ਦੁਆਵਾਂ ਵਿੱਚ ਲੱਗ ਜਾਈਏ, ਅਹਮਦੀਆਂ ਨੂੰ ਤਾਂ ਵਿਸ਼ੇਸ਼ ਰੂਪ ਵਿੱਚ ਇਸ ਵੱਲ ਧਿਆਨ ਦੇਣ ਦੀ ਲੋੜ ਹੈ । ਪਾਕਿਸਤਾਨ ਵਿੱਚ ਅਤੇ ਹੋਰਨਾ ਮੁਸਲਿਮ ਦੇਸ਼ਾਂ ਵਿੱਚ ਵੀ ਜਮਾਤ ਦੇ ਵਿਰੁਧ ਜਤਨ ਹੋ ਰਹੇ ਹਨ । ਅਲੱਾਹ ਤਆਲਾ ਇਹਨਾ ਤੋਂ ਸਾਨੂੰ ਬਚਾਈ ਰੱਖੇ । ਇਸੇ ਪ੍ਰਕਾਰ ਇਹ ਜੋ ਵਬਾ ਫੈਲੀ ਹੋਈ ਹੈ ਇਸ ਤੋਂ ਵੀ ਰੱਬ ਸਾਨੂੰ ਸੁਰੱਖਿਅਤ ਰੱਖੇ । ਆਮੀਨ ।

ਸਾਡੀ ਖ਼ੁਸ਼ਕਿਸਮਤੀ ਹੈ ਕਿ ਸਾਨੂੰ ਰੱਬ ਨੇ ਆਂਹਜ਼ੂਰ ਸਲਲਲੱਾਹੁ ਅਲੈਹਿ ਵਸਲੱਮ ਅਤੇ ਫਿਰ ਇਸ ਯੁੱਗ ਵਿੱਚ ਆਪ ਸਲਲੱਾਹੁ ਅਲੈਹਿ ਵਸਲੱਮ ਦੇ ਸੱਚੇ ਗ਼ੁਲਾਮ ਰਾਹੀਂ ਦੁਆਵਾਂ ਦੇ ਪਰਵਾਨ ਹੋਣ ਦੇ ਤਰੀਕੇ ਸਿਖਾਏ ਹਨ । ਰੱਬ ਦੀ ਉਸਤਤੀ ਤੇ ਪ੍ਰਸ਼ੰਸਾ ਦੇ ਨਾਲ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ'ਤੇ ਦੁਰੂਦ ਭੇਜਣਾ ਦੁਆ ਦੀ ਪਰਵਾਨਗੀ ਲਈ ਬਹੁਤ ਜ਼ਰੂਰੀ ਹੈ ਵਰਨਾ ਦੁਆਵਾਂ ਧਰਤੀ ਤੇ ਅਕਾਸ਼ ਵਿਕਾਰ ਲਮਕ ਜਾਂਦੀਆਂ ਹਨ । ਹਜ਼ੂਰ ਸਲਲੱਾਹੁ ਅਲੈਹਿ ਵਸਲੱਮ

ਨੇ ਫ਼ਰਮਾਇਆ ਮੇਰੇ'ਤੇ ਦੁਰੂਦ ਭੇਜਿਆ ਕਰੋ, ਤੁਹਾਡਾ ਦੁਰੂਦ ਭੇਜਣਾ ਆਪ ਤੁਹਾਡੀ ਪਵਿਤੱਰਤਾ ਤੇ ਤਰੱਕੀ ਦਾ ਸਾਧਨ ਹੈ । ਜੋ ਵਿਅਕਤੀ ਮੇਰੇ'ਤੇ ਦਿਲੀ ਭਾਵਨਾ ਨਾਲ ਦੁਰੂਦ ਭੇਜੇਗਾ ਉਸ'ਤੇ ਰੱਬ ਦੱਸ ਵਾਰ ਦੁਰੂਦ ਭੇਜੇਗਾ ਅਤੇ ਉਸਨੂੰ ਦੱਸ ਦਰਜਿਆਂ ਦੀ ਬੁਲੰਦੀ ਬਖ਼ਸ਼ੇਗਾ ।

ਅਸੀਂ ਜੋ ਇਸ ਗੱਲ ਦੇ ਦਾਵੇਦਾਰਹਾਂ ਕਿ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਅਸਥਾਨ ਤੇ ਮਰਤਬੇ ਨੂੰ ਸਮਝਿਆ ਹੈ, ਸਾਡਾ ਫ਼ਰਜ਼ ਬਣਦਾ ਹੈ ਕਿ ਦੁਰੂਦ ਦੀ ਮਹਤੱਾ ਨੂੰ ਸਮਝੀਏ ਅਤੇ ਕੇਵਲ ਇਸ ਲਈ ਦੁਰੂਦ ਨ ਪੜ੍ਹੀਏ ਕਿ ਇਸ ਪ੍ਰਕਾਰ ਰੱਬ ਸਾਡੀਆਂ ਦੁਆਵਾਂ ਨੂੰ ਸੁਣੇ ਸਗੋਂ ਇਸ ਲਈ ਕਿ ਪੱਕੀ ਪਵਿਤੱਰਤਾ ਸਾਡੇ ਜੀਵਨ ਦਾ ਭਾਗ ਬਣ ਜਾਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪਣੇ ਇਲਹਾਮ صَلِّ عَلٰى مُحَمَّدٍ وَّآلِ مُحَمَّدٍ سَيِّدِ وُلْدِ آدَمَ وَخَاتَمِ النَّبِيِّيْنَ ਦਾ ਜ਼ਿਕਰ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਇਹ ਇਸ ਗੱਲ ਵੱਲ ਸੰਕੇਤ ਹੈ ਕਿ ਸਾਰੇ ਮਰਤਬੇ, ਮਿਹਰਾਂ ਅਤੇ ਕ੍ਰਿਪਾਵਾਂ ਉਸ ਦੇ ਤੁਫ਼ੈਲ ਅਤੇ ਉਸ ਨਾਲ ਪ੍ਰੇਮ ਕਰਨ ਦਾ ਪ੍ਰਤੀਫਲ ਹਨ । ਸੁਬਹਾਨਲੱਾਹ ! ਉਸ ਸ਼੍ਰਿਸ਼ਟੀ ਰਚਨਹਾਰ ਦੇ ਦਰ ਵਿੱਚ ਕੀ ਉਚਤਮ ਮਰਤਬੇ ਹਨ ਕਿ ਉਸ ਦਾ ਪ੍ਰੇਮੀ ਰੱਬ ਦਾ ਪ੍ਰੇਮੀ ਅਤੇ ਉਸ ਦਾ ਸੇਵਕ ਇਕ ਜਗਤ ਦਾ ਸੇਵਕ ਬਣ ਜਾਂਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ, ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੀ ਗ਼ੁਲਾਮੀ ਵਿੱਚ ਆਉਣ ਵਾਲੇ ਉਹ ਉਮੱਤੀ ਨਬੀ ਹਨ ਜਿੰਨ੍ਹਾ ਨੂੰ ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੇ ਕੰਮ ਫੈਲਾਉਣ ਲਈ ਭੇਜਿਆ ਗਿਆ । ਸੋ, ਅੱਜ ਦੁਨੀਆ ਵਿੱਚ ਆਪ ਅਲੈਹਿ ਸਲਾਮ ਦਾ ਜੋ ਅਸਥਾਨ ਹੈ ਇਹ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਗ਼ੁਲਾਮੀ ਦੇ ਸਬਬ ਹੈ । ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਕ ਰਾਤ ਇਸ ਆਜਿਜ਼ (ਨਿਮਾਣੇ) ਨੇ ਐਨ੍ਹੀ ਅਧਿਕਤਾ ਨਾਲ ਦੁਰੂਦ ਸ਼ਰੀਫ਼ ਪੜ੍ਹਿਆ ਕਿ ਤਨ ਮੰਨ ਪਾਕ ਹੋ ਗਿਆ । ਇਸ ਰਾਤ ਸੁਪਨੇ ਵਿੱਚ ਦੇਖਿਆ ਕਿ ਫ਼ਰਿਸ਼ਤੇ ਨੂਰ ਦੀਆਂ ਮਸ਼ਕਾਂ ਲਈ ਇਸ ਆਜਿਜ਼ ਦੇ ਘਰ ਲਈ ਆਉਂਦੇ ਹਨ ਅਤੇ ਇਹਨਾ ਵਿੱਚੋਂ ਇਕ ਨੇ ਕਿਹਾ ਕਿ ਇਹ ਉਹੋ ਬਰਕਤਾਂ ਹਨ ਜੋ ਤੂੰ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਵੱਲ ਭੇਜੀਆਂ ਸਨ । ਅਸੀਂ ਉਸ ਮਸੀਹ ਮੌਊਦ ਅਤੇ ਮਹਦੀ ਦੇ ਮੰਨ੍ਹਣ ਵਾਲੇ ਹਾਂ ਜਿਸ ਬਾਰੇ ਆਕਾਸ਼'ਤੇ ਫ਼ਰਿਸ਼ਤਿਆਂ ਨੇ ਕਿਹਾ ਸੀ ਕਿ هٰذَا رَجُلٌ يُّحِبُّ رَسُوْلَ اللهِ۔ ਹਜ਼ੂਰ ਫ਼ਰਮਾਉਂਦੇ ਹਨ ਕਿ ਇਸ ਕਥਨ ਤੋਂ ਇਹੋ ਭਾਵ ਸੀ ਕਿ ਇਸ ਉਹਦੇ ਦੀ ਅਰਥਾਤ ਮਹਦੀ ਦੀ ਸਭ ਤੋਂ ਵੱਡੀ ਸ਼ਰਤ ਇਹੋ ਸੀ ਕਿ ਰਸੂਲ ਨਾਲ ਪ੍ਰੇਮ । ਇਸ ਲਈ ਸਾਡਾ ਜਿੰਨ੍ਹਾ ਨੇ ਇਸ ਮਹਦੀ ਦੇ ਮਿਸ਼ਨ ਨੂੰ ਅੱਗੇ ਵਧਾਉਣ ਦਾ ਪ੍ਰਣ ਲਿਆ ਹੈ ਸਾਡਾ ਫ਼ਰਜ਼ ਹੈ ਕਿ ਅਸੀਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ'ਤੇ ਦੁਰੂਦ ਤੇ ਸਲਾਮ ਭੇਜਦਿਆਂ ਹੋਏ ਇਸ ਮਸੀਹ ਤੇ ਮਹਦੀ ਦੇ ਸਹਾਇਕ ਬਣੀਏ । ਅਸੀਂ ਅਹਮਦੀਆਂ ਦੇ ਮੋਢਿਆਂ'ਤੇ ਇਹ ਬਹੁਤ ਵੱਡੀ ਜ਼ਿੱਮੇਦਾਰੀ ਹੈ ਕਿ ਜੇਕਰ ਅਸੀਂ ਕਯਾਮਤ (ਪਰਲੈ) ਤੱਕ ਪੁਰਸਕਾਰਾਂ ਤੇ ਮਿਹਰਾਂ ਦਾ ਵਾਰਸ ਬਣਨਾ ਹੈ ਤਾਂ ਸਾਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਉਪੱਰ ਦੁਰੂਦ ਤੇ ਸਲਾਮ ਭੇਜਦੇ ਰਹਿਣਾ ਹੋਵੇਗਾ । ਫਿਰ ਅਸੀਂ ਦੇਖਾਂਗੇ ਕਿ ਕਿਵੇਂ ਦੁਸ਼ਮਣਾਂ ਦੇ ਧੋਖੇ, ਮਕਰ ਤੇ ਚਾਲਾਂ ਰੱਬ ਦੀ ਮਿਹਰ ਨਾਲ ਤਬਾਹ ਤੇ ਬਰਬਾਦ ਹੋ ਜਾਂਦੇ ਹਨ ।

ਹਜ਼ਰਤ ਮੁਸਲ੍ਹਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ 'ਸਲਾਤ' ਦੇ ਅਰਥ ਦੁਆ ਦੇ ਹਨ ਅਤੇ 'ਅਲੱਾਹੁਮੱਾ ਸੱਲਿ' ਦਾ ਅਰਥ ਹੋਏ ਕਿ ਹੇ, ਅਲੱਾਹ ! ਤੂੰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਲਈ ਦੁਆ ਕਰ । ਜੱਦ ਅਸੀਂ ਰੱਬ ਬਾਰੇ ਕਹਿੰਦੇ ਹਾਂ ਕਿ ਉਹ ਦੁਆ ਕਰਦਾ ਹੈ ਤਾਂ ਇਸ ਦੇ ਅਰਥ ਹੋਏ ਕਿ ਉਹ ਆਪਣੀ ਮਖ਼ਲੂਕ ਅਤੇ ਪੈਦਾ ਕੀਤੀ ਹੋਈ ਸਾਰੀਆਂ ਚੀਜ਼ਾਂ ਨੂੰ ਕਹਿੰਦਾ ਹੈ ਕਿ ਮੇਰੇ ਬੰਦੇ ਦੀ ਤਾਈਦ ਕਰੋ । ਸੋ, 'ਅਲੱਾਹੁਮੱਾ ਸੱਲਿ' ਦੇ ਅਰਥ ਹੋਏ ਕਿ ਹੇ ਅਲੱਾਹ ! ਤੂੰ ਹਰ ਨੇਕੀ ਅਤੇ ਭਲਾਈ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਲਈ ਇਛੱਤ ਕਰ ।

'ਅਲੱਾਹੁਮੱਾ ਬਾਰਿਕ' ਦੇ ਇਹ ਅਰਥ ਹਨ ਕਿ ਹੇ ਅਲੱਾਹ ! ਤੂੰ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਲਈ ਆਪਣੀਆਂ ਰਹਿਮਤਾਂ, ਮਿਹਰਾਂ ਤੇ ਬਰਕਤਾਂ ਨੂੰ ਐਨ੍ਹਾ ਵਧਾ ਕੇ ਸਾਰੇ ਜਹਾਨ ਦੀਆਂ ਰਹਿਮਤਾਂ, ਬਰਕਤਾਂ ਤੇ ਮਿਹਰਾਂ ਆਪ ਸਲਲੱਾਹੁ ਅਲੈਹਿ ਵਸਲੱਮ'ਤੇ ਇਕੱਠੀਆਂ ਹੀ ਹੋ ਜਾਣ ।

ਸੋ, ਜੱਦ ਅਸੀਂ ਮਨ ਵਿੱਚ ਪ੍ਰੇਮ ਪੀੜ੍ਹਾ ਰਖੱਦਿਆਂ ਹੋਇਆਂ ਆਪ ਸਲਲੱਾਹੁ ਅਲੈਹਿ ਵਸਲੱਮ ਦੇ ਦੀਨ ਦੀ ਸਰਬੁਲੰਦੀ ਲਈ ਦੁਆ ਕਰਾਂਗੇ ਤਾਂ ਰੱਬ ਸਾਨੂੰ ਵੀ ਇਹਨਾ ਦੁਆਵਾਂ ਅਤੇ ਦੁਰੂਦ ਨਾਲ ਲਾਭਵੰਤ ਕਰੇਗਾ । ਪਰ ਸ਼ਰਤ ਇਹ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਸੀਖ ਸਿੱਖਿਆ ਉਪੱਰ ਅਮਲ ਹੋਵੇ । ਹਕੂਕੁਲੱਾਹ (ਰੱਬ ਦੇ ਅਧਿਕਾਰ) ਅਤੇ ਹਕੂਕੁਲ ਇਬਾਦ (ਰੱਬ ਦੀ ਮਖ਼ਲੂਕ ਦੇ ਅਧਿਕਾਰ) ਪੂਰੇ ਕਰਨ ਵੱਲ ਧਿਆਨ ਹੋਵੇ । ਹਕੀਕੀ ਆਲ (ਵੰਸ਼ਜ) ਬਣਨ ਦਾ ਹੱਕ ਪੂਰਾ ਕਰਨ ਵਾਲੇ ਹੋਣ । ਇਹ ਨਹੀਂ ਕਿ ਰੱਬ ਅਤੇ ਰਸੂਲ ਦੇ ਨਾਂ'ਤੇ ਜ਼ੁਲਮ ਹੋਣ । ਕਾਨੂਨ ਤੋੜਕੇ, ਲੋਕਾਂ ਨੂੰ ਦੁੱਖ ਵਿੱਚ ਪਾ ਕੇ, ਸੜਕਾਂ ਬਲਾਕ ਕਰ ਦੇਈਏ, ਇੱਥੋਂ ਤੱਕ ਕਿ ਰੋਗੀ ਹਸਪਤਾਲ ਵੀ ਨ ਜਾ ਸਕਣ ਅਤੇ ਫਿਰ ਦੁਰੂਦ ਪੜ੍ਹਕੇ ਆਖਣ ਕਿ ਅਸੀਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਸੱਚੇ ਆਸ਼ਕ ਹਾਂ ਸਾਨੂੰ ਕੁਝ ਨ ਕਿਹਾ ਜਾਏ । ਇਹ ਤਾਂ ਸਾਰੀਆਂ ਗਲੱਾਂ ਅਲੱਾਹ ਅਤੇ ਉਸ ਦੇ ਰਸੂਲ ਦੇ ਆਦੇਸ਼ਾਂ ਦੀ ਨਾਫ਼ਰਮਾਨੀਆਂ ਹਨ ।

ਦੁਰੂਦ ਸ਼ਰੀਫ਼ ਦੀ ਮਹਾਨਤਾ ਦਾ ਅਨੁਮਾਨ ਇਸ ਗੱਲ ਤੋਂ ਹੋਰ ਵਧੇਰੇ ਹੁੰਦਾ ਹੈ ਕਿ ਕੁਰਆਨ ਸ਼ਰੀਫ਼ ਵਿੱਚ ਮੋਮਿਨਾਂ ਨੂੰ ਫ਼ਰਮਾਇਆ ਗਿਆ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ'ਤੇ ਦੁਰੂਦ ਭੇਜਿਆ ਕਰੋ । ਦੁਰੂਦ ਦੀ ਐਨ੍ਹੀ ਮਹਤੱਾ ਹੈ ਕਿ ਰਬ ਅਤੇ ਉਸ ਦੇ ਫ਼ਰਿਸ਼ਤੇ ਵੀ ਆਪ ਸਲਲੱਾਹੁ ਅਲੈਹਿ ਵਸਲੱਮ'ਤੇ ਦੁਰੂਦ ਭੇਜਦੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਸ ਆਇਤ (ਸੂਰਤ ਅਹਜ਼ਾਬ ਆਇਤ 57) ਦੀ ਵਿਆਖਿਆ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਇਸ ਆਇਤ ਤੋਂ ਪ੍ਰਕਟ ਹੁੰਦਾ ਹੈ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਕਰਮ ਅਜਿਹੇ ਸਨ ਕਿ ਅਲੱਾਹ ਤਆਲਾ ਨੇ ਇਹਨਾ ਦੀ ਪ੍ਰਸ਼ੰਸਾ ਜਾਂ ਸਦਗੁਣਾ ਦੀ ਉਸਤਤੀ ਕਰਨ ਲਈ ਕੋਈ ਸ਼ਬਦ ਵਿਸ਼ੇਸ਼ ਨਹੀਂ ਕੀਤਾ ਅਰਥਾਤ ਆਪਦੇ ਨੇਕ ਕਰਮ ਪ੍ਰਸ਼ੰਸਾ ਤੇ ਉਸਤਤੀ ਦੀ ਸੀਮਾ ਤੋਂ ਬਾਹਰ ਸਨ । ਇਸ ਪ੍ਰਕਾਰ ਦੀ ਆਇਤ ਕਿਸੇ ਨਬੀ ਦੀ ਸ਼ਾਨ ਵਿੱਚ ਨਹੀਂ ਵਰਤੀ । ਆਪ ਦੀ ਰੂਹ (ਆਤਮਾ) ਵਿੱਚ ਉਹ ਸਿਦਕ, ਸਚੱਾਈ ਤੇ ਪਵਿਤੱਰਤਾ ਸੀ ਅਤੇ ਆਪਦੇ ਕਰਮ ਰੱਬ ਦੀ ਨਿਗਾਹ ਵਿੱਚ ਐਨ੍ਹੇ ਪਸੰਦੀਦਾ ਸਨ ਕਿ ਰੱਬ ਨੇ ਹਮੇਸ਼ਾ ਲਈ ਹੁਕਮ ਦਿਤੱਾ ਕਿ ਭਵਿੱਖ ਵਿੱਚ ਲੋਕ ਸ਼ੁਕਰਗੁਜ਼ਾਰੀ ਦੇ ਰੂਪ ਵਿੱਚ ਦੁਰੂਦ ਭੇਜਣ । ਅਲੱਾਹ ਤਆਲਾ ਇਸ ਰਮਜ਼ਾਨ ਵਿੱਚ ਵੀ ਅਤੇ ਬਾਦ ਵਿੱਚ ਵੀ ਸਾਨੂੰ ਦੁਰੂਦ ਦੀ ਮਹਤੱਾ ਨੂੰ ਸਮਝਦਿਆਂ ਹੋਇਆਂ ਦੁਰੂਦ ਭੇਜਣ ਦਾ ਸੰਜੋਗ ਪ੍ਰਦਾਨ ਕਰਦਾ ਚਲਾ ਜਾਏ ।

ਦੂਜੀ ਗੱਲ ਜਿਸ ਵੱਲ ਮੈਂ ਇਸ ਸਮੇਂ ਵਿਸ਼ੇਸ਼ ਰੂਪ ਵਿੱਚ ਧਿਆਨ ਦੁਆਉਂਣਾ ਚਾਹੁੰਦਾ ਹਾਂ, ਉਹ ਇਸਤਗ਼ਫ਼ਾਰ ਹੈ । اَسْتَغْفِرُ اللّٰهَ رَبِّیْ مِنْ كُلِّ ذَنْبٍ وَّاَتُوْبُ اِلَیْهِ ۔ ਇਹ ਅਤਿਅੰਤ ਮਹਤੱਵਪੂਰਨ ਦੁਆ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਸਤਗ਼ਫ਼ਾਰ ਦੇ ਅਸਲੀ ਅਤੇ ਹਕੀਕੀ ਅਰਥ ਇਹ ਹਨ ਕਿ ਰੱਬ ਤੋਂ ਬਿਨਤੀ ਕਰਨਾ ਕਿ ਮਾਨਵੀ ਕਮਜ਼ੋਰੀ ਕੋਈ ਪ੍ਰਕਟ ਨ ਹੋਵੇ ਅਤੇ ਸੁਭਾਉ ਨੂੰ ਆਪਣੇ ਬਲ ਦਾ ਸਹਾਰਾ ਦੇਵੇ । 'ਗ਼ਫ਼ਰ' ਢੱਕ ਲੈਂਣ ਨੂੰ ਕਹਿੰਦੇ ਹਨ, ਸੋ, ਇਸ ਦੇ ਅਰਥ ਇਹ ਹਨ ਰੱਬ ਆਪਣੀ ਸ਼ਕਤੀ ਨਾਲ ਖਿਮਾ ਜਾਚਕ ਦੀ ਸੁਭਾਵਕ ਕਮਜੋਰੀ ਨੂੰ ਢੱਕ ਲਏ । ਪਰ ਬਾਦ ਵਿੱਚ ਸਾਧਾਰਣ ਲੋਕਾਂ ਲਈ ਇਸ ਸ਼ਬਦ ਦੇ ਅਰਥ ਹੋਰ ਵਿਸਥਾਰਪੂਰਨ ਕੀਤੇ ਗਏ ਅਤੇ ਇਹ ਵੀ ਮੁਰਾਦ ਲਿਆ ਗਿਆ ਕਿ ਰੱਬ, ਉਹ ਪਾਪ ਜੋ ਹੋ ਚੁਕਾ ਹੈ ਉਸਨੂੰ ਵੀ ਢੱਕ ਲਏ । ਰੱਬ ਮਨੁੱਖ ਨੂੰ ਪੈਦਾ ਕਰਕੇ ਉਸ ਤੋਂ ਅੱਡ ਨਹੀਂ ਹੋਇਆ, ਉਹ ਜਿਵੇਂ ਕਿ ਮਨੁੱਖ ਦਾ ਖ਼ਾਲਕ ਹੈ ਉਸੇ ਪ੍ਰਕਾਰ ਉਹ ਮਨੁੱਖ ਦਾ ਕਯੂੱਮ (ਸਿਥਿਰ ਰਖੱਣ ਵਾਲਾ) ਵੀ ਹੈ ਅਰਥਾਤ ਆਪਣੀ ਸਹਾਇਤਾ ਨਾਲ ਸੁਰੱਖਿਅਤ ਰਖੱਣ ਤੇ ਕਾਇਮ ਰਖੱਣ ਵਾਲਾ ਹੈ ।

ਇਸ ਵੱਲ اَللّٰهُ لَاۤ اِلٰهَ اِلَّا هُوَ الْحَیُّ الْقَیُّوْمُ 'ਅਲੱਾਹੁ ਲਾ ਇਲਾਹਾ ਇਲੱਾ ਹੁਵਲ ਹਯੁੱਲ ਕਯੂੱਮ' ਵਿੱਚ ਸੰਕੇਤ ਦਿਤੱਾ ਗਿਆ ਹੈ । ਜੱਦ ਮਨੁੱਖ ਪੈਦਾ ਹੋ ਗਿਆ ਤਾਂ ਰਚਨ ਦਾ ਕੰਮ ਪੂਰਾ ਹੋ ਗਿਆ ਪਰ ਕਾਇਮ (ਸਿਥਿਰ) ਰਖੱਣ ਦਾ ਕੰਮ ਹਮੇਸ਼ਾ ਲਈ ਹੈ ਇਸ ਲਈ ਹਮੇਸ਼ਾ ਇਸਤਗ਼ਫ਼ਾਰ ਦੀ ਲੋੜ ਪਈ । ਇਸ ਵੱਲ ਆਇਤ اِیَّاكَ نَعْبُدُ وَاِیَّاكَ نَسْتَعِیْنُ 'ਇਯਾਕਾ ਨਾਬੁਦੁ ਵ ਇਯੱਾਕਾ ਨਸਤਾਈਨ' ਵਿੱਚ ਸੰਕੇਤ ਹੈ ਕਿ ਤੇਰੀ ਸਿਥਿਰਤਾ ਤੇ ਪ੍ਰਭੁਤਾ ਵਿੱਚ ਸਾਨੂੰ ਸਹਾਇਤਾ ਕਰ ਅਤੇ ਸਾਨੂੰ ਠੋਕਰ ਖਾਣ ਤੋਂ ਬਚਾ ।

ਬਹੁਤ ਸਾਰੇ ਨੌਜੁਆਨ ਅਤੇ ਬੱਚੇ ਪ੍ਰਸ਼ਨ ਕਰਦੇ ਹਨ ਕਿ ਰੱਬ ਕਿੰਨ੍ਹੀ ਹੱਦ ਤੱਕ ਬਖ਼ਸ਼ਦਾ ਹੈ । ਰੱਬ ਫ਼ਰਮਾਉਂਦਾ ਹੈ ਕਿ ਮੇਰੀ ਰਹਿਮਤ ਬਹੁਤ ਵਿਸ਼ਾਲ ਹੈ ਇਸ ਦੀ ਕੋਈ ਸੀਮਾ ਨਹੀਂ, ਪਰ ਸ਼ਰਤ ਇਹ ਹੈ ਕਿ ਮਨੁੱਖ ਸੱਚੀ ਤੋਬਾ ਕਰਨ ਵਾਲਾ ਹੋਵੇ । ਆਂਹਜ਼ੂਰ ਸਲਲੱਾਹੁੀ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਅਲੱਾਹ ਤਆਲਾ ਆਪਣੇ ਬੰਦੇ ਦੀ ਤੋਬਾ'ਤੇ ਐਨ੍ਹਾ ਖ਼ੁਸ਼ ਹੁੰਦਾ ਹੈ ਕਿ ਐਨ੍ਹਾ ਉਹ ਵਿਅਕਤੀ ਵੀ ਖ਼ੁਸ਼ ਨਹੀਂ ਹੁੰਦਾ ਜਿਸਦੀ ਮਾਰੂਥਲਾ ਦੇ ਜੰਗਲਾਂ ਵਿੱਚ ਆਪਣੀ ਗੁਆਚੀ ਹੋਈ ਉਠਣੀ ਮਿਲ ਜਾਏ । ਰੱਬ ਫ਼ਰਮਾਉਂਦਾ ਹੈ ਕਿ ਜੇਕਰ ਕੋਈ ਇਕ ਹੱਥ ਮੇਰੇ ਨੇੜੇ ਆਉਦਾ ਹੈ ਤਾਂ ਮੈਂ ਦੂਣਾ ਉਸ ਦੇ ਨੇੜੇ ਹੋ ਜਾਂਦਾ ਹਾਂ । ਸੋ, ਇਹ ਸਾਡਾ ਕੰਮ ਹੈ ਕਿ ਆਪਣੇ ਆਪ ਨੂੰ ਪਾਪਾਂ ਤੋਂ ਬਚਾਉਂਣ ਅਤੇ ਆਪਣੇ ਗੁਨਾਹਾਂ ਨੂੰ ਬਖ਼ਸ਼ਾਉਂਣ ਲਈ ਰੱਬ ਵੱਲ ਵਧੀਏ । ਇਹ ਮਹੀਨਾ ਅਲੱਾਹ ਤਆਲਾ ਨੇ ਵਿਸ਼ੇਸ਼ ਰੂਪ ਵਿੱਚ ਇਸੇ ਕੰਮ ਲਈ ਸਾਨੂੰ ਦਿਤੱਾ ਹੈ । ਰਮਜ਼ਾਨ ਦਾ ਮਹੀਨਾ ਦੁਆਵਾਂ ਦੀ ਪਰਵਾਨਗੀ ਦਾ ਮਹੀਨਾ ਹੈ ਅਤੇ ਇਸਦਾ ਅਖੀਰਲਾ ਅਸ਼ਰਾ (ਅੰਤਮ ਦਸ ਦਿਨ) ਨਰਕ ਦੀ ਅੱਗ ਤੋਂ ਬਚਾਉਂਣ ਵਾਲਾ ਵੀ ਹੈ । ਸੋ, ਜੇਕਰ ਅਸੀਂ ਰੱਬ ਨਾਲ ਆਪਣਾ ਸੰਬੰਧ ਜੋੜ ਲਵਾਂਗੇ, ਜੇਕਰ ਸਾਡੇ ਦੁਰੂਦ ਅਤੇ ਸਾਡੇ ਇਸਤਗ਼ਫ਼ਾਰ ਰੱਬ ਦੀ ਰਜ਼ਾ ਨੂੰ ਹਾਸਲ ਕਰਨ ਵਾਲੇ ਹੋਣਗੇ ਤਾਂ ਦੁਸ਼ਮਣ ਹਜ਼ਾਰ ਜਤਨ ਕਰ ਲਏ ਸਾਨੂੰ ਕੋਈ ਹਾਣ ਨਹੀਂ ਪਹੁੰਚਾ ਸਕਦਾ । ਰਮਜ਼ਾਨ ਦੀਆਂ ਦੁਆਵਾਂ ਵਿੱਚ ਵਿਰੋਧੀਆਂ ਦੀਆਂ ਸ਼ਰਾਰਤਾਂ ਤੋਂ ਬਚਣ ਲਈ ਬਹੁਤ ਦੁਆਵਾਂ ਕਰੋ । ਇਸੇ ਪ੍ਰਕਾਰ ਕੋਰੋਨਾ ਦੀ ਵਬਾ ਤੋਂ ਸੁਰੱਖਿਅਤ ਰਹਿਣ ਲਈ ਵੀ ਬਹੁਤ ਦੁਆਵਾਂ ਕਰੋ । ਅਲੱਾਹ ਤਆਲਾ ਇਸ ਬਲਾ ਤੋਂ ਵੀ ਦੁਨੀਆ ਨੂੰ ਮੁਕਤੀ ਪ੍ਰਦਾਨ ਕਰੇ ਅਤੇ ਸਾਨੂੰ ਵੀ ਸੁਰੱਖਿਅਤ ਰੱਖੇ । ਅਲੱਾਹ ਤਆਲਾ ਸਾਨੂੰ ਵਾਸਤਵਿਕ ਰੂਪ ਵਿੱਚ ਦੁਰੂਦ ਭੇਜਣ ਤੇ ਇਸਤਫ਼ਾਰ ਕਰਨ ਕਰਨ ਵਾਲਾ ਬਣਾਏ । ਆਮੀਨ ।

اَلْحَمْدُ لِلّٰهِ نَحْمَدُهٗ وَنَسْتَعِیْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَیْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَیِّاٰتِ اَعْمَالِنَا مَنْ یَّهْدِهِ اللّٰهُ فَلَا مُضِلَّ لَهٗ وَمَنْ یُّضْلِلْهُ فَلَا هَادِیَ لَهٗ وَنَشْهَدُ اَنْ لَّاۤ اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمكم الله اِنَّ اللّٰهَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْهٰی عَنِ الْفَحْشَآءِ وَالْمُنْكَرِ وَالْبَغْیِ یَعِظُكُمْ لَعَلَّكُمْ تَذَكَّرُوْنَ اُذْكُرُوا اللّٰهَ یَذْكُرْكُمْ وَادْعُوْهُ یَسْتَجِبْ لَكُمْ وَلَذِكْرُ اللّٰهِ اَكْبَرُ.


**Khulasa Khutba Jumma 30.04.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131